GLOBAL NETWORK INITIATIVE

# ਸਮਗ੍ਰੀ ਸਬੰਧੀ ਨੇਮਬੰਦੀ ਅਤੇ ਮਨੁੱਖੀ ਅਧਿਕਾਰ

## ਕਾਰਜਕਾਰੀ ਸਾਰ

### ਸਾਡਾ ਸ਼ੁਰੂਆਤੀ ਬਿੰਦੂ

ਚੰਗਾ ਪ੍ਰਬੰਧ ਅਤੇ ਮਨੁੱਖੀ ਹੱਕਾਂ ਦੇ ਸਿਧਾਂਤ ਸਰਕਾਰਾਂ ਨੂੰ ਆਪਣੇ ਅਧਿਕਾਰ-ਖੇਤਰ ਦੇ ਅੰਦਰ ਸਰਕਾਰੀ ਅਤੇ ਪ੍ਰਾਈਵੇਟ ਨੁਕਸਾਨ ਨੂੰ ਸਮਝਣ ਅਤੇ ਇਸ ਨਾਲ ਨਜਿੱਠਣ ਲਈ ਪ੍ਰੇਰਦੇ ਹਨ। ਕਿਉਂਕਿ ਦੁਨੀਆ ਭਰ ਵਿਚਲੇ ਪਾੱਲਿਸੀ ਬਣਾਉਣ ਵਾਲੇ ਅਤੇ ਰੈਗੁਲੇਟਰ ਆੱਨਲਾਈਨ ਸਮਗ੍ਰੀ ਅਤੇ ਵਿਹਾਰ ਦੇ ਵੱਖ-ਵੱਖ ਰੂਪਾਂ ਬਾਰੇ ਫ਼ਿਕਰਮੰਦ ਹਨ, ਇਸ ਵਿੱਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ ਕਿ ਇਹਨਾਂ ਵਿੱਚੋਂ ਕਈ ਇਸ ਗੱਲ ਬਾਰੇ ਵਿਚਾਰ ਕਰ ਰਹੇ ਹਨ ਕਿ ਸਟੇਟ ਵਲੋਂ ਕੀਤੀ ਜਾਂਦੀ ਕਾਰਵਾਈ ਦੇ ਰੂਪ, ਉਹਨਾਂ ਚਿੰਤਾਵਾਂ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਵਿੱਚ ਮਦਦ ਜਾਂ ਅੜਿੱਕਾ ਪਾ ਸਕਦੇ ਹਨ।

ਬਹੁਹਿਤਧਾਰਕ GNI ਨੇ ਹਾਲ ਵਿੱਚ ਹੀ ਦਰਜਨ ਕੁ[1] ਸਰਕਾਰੀ ਪਹਿਲਕਦਮੀਆਂ ਦਾ ਜਾਇਜ਼ਾ ਲਿਆ ਹੈ, ਜੋ ਯੂਜ਼ਰ ਵਲੋਂ ਤਿਆਰ ਕੀਤੀ ਗਈ ਸਮਗ੍ਰੀ – ਇੱਕ ਅਮਲ, ਜਿਸਦਾ ਅਸੀਂ ਵਿਆਪਕ ਤੌਰ 'ਤੇ "ਸਮਗ੍ਰੀ ਸਬੰਧੀ ਨੇਮਬੰਦੀ" ਵਜੋਂ ਹਵਾਲਾ ਦਿੰਦੇ ਹਾਂ, ਸਬੰਧੀ ਆੱਨਲਾਈਨ ਨੁਕਸਾਨ ਦੇ ਵੱਖ-ਵੱਖ ਰੂਪਾਂ ਨਾਲ ਨਜਿੱਠਣ ਦਾ ਦਾਅਵਾ ਕਰਦੀਆਂ ਹਨ। ਅਸੀਂ ਉਹਨਾਂ ਤਜਵੀਜ਼ਾਂ 'ਤੇ ਧਿਆਨ ਦਿੰਦੇ ਹਾਂ, ਜੋ ਯੂਜ਼ਰ ਵਲੋਂ ਤਿਆਰ ਕੀਤੀ ਗਈ ਸਮਗ੍ਰੀ ਸਬੰਧੀ ਮੌਜੂਦਾ ਜ਼ਿੰਮੇਵਾਰੀਆਂ ਅਤੇ ਪ੍ਰੇਰਕਾਂ ਨੂੰ ਤਬਦੀਲ ਕਰ ਸਕਦੀਆਂ ਹਨ। ਸਾਡਾ ਵਿਸ਼ਲੇਸ਼ਣ ਉਹ ਤਰੀਕੇ ਸਮਝਾਉਂਦਾ ਹੈ ਕਿ **ਚੰਗਾ ਪ੍ਰਬੰਧ ਅਤੇ ਮਨੁੱਖੀ ਹੱਕਾਂ ਸਬੰਧੀ ਸਿਧਾਂਤ ਸਮੇਂ ਅਨੁਸਾਰ ਪਰਖੀ ਗਏ ਸੇਧ ਦਿੰਦੇ ਹਨ ਕਿ** ਕਾਨੂੰਨਾਂ, ਨੇਮਬੰਦੀਆਂ ਅਤੇ ਪਾੱਲਿਸੀ ਸਬੰਧੀ ਕਾਰਵਾਈਆਂ ਨੂੰ ਕਿਵੇਂ ਸਭ ਤੋਂ ਢੁਕਵੇਂ ਅਤੇ ਅਸਰਦਾਰ ਤਰੀਕੇ ਨਾਲ ਤਿਆਰ ਅਤੇ ਸਿਰੇ ਚਾੜ੍ਹਿਆ ਜਾ ਸਕਦਾ ਹੈ। ਕਿਉਂਕਿ ਸਮੱਗਰੀ ਦੀ ਨੇਮਬੰਦੀ ਮੁੱਖ ਤੌਰ 'ਤੇ ਡਿਜੀਟਲ ਸੰਚਾਰ ਅਤੇ ਸਮਗ੍ਰੀ 'ਤੇ ਧਿਆਨ ਦਿੰਦੀ ਹੈ ਅਤੇ ਇਸ 'ਤੇ ਅਸਰ ਪੈਣ ਦੀ ਸੰਭਾਵਨਾ ਹੈ, ਇਸ ਨੂੰ ਵੇਖਦਿਆਂ ਅਸੀਂ ਆਪਣੇ ਮੁਢਲੇ ਨਜ਼ਰੀਏ ਵਜੋਂ ਪ੍ਰਗਟਾਵੇ ਦੀ ਅਜ਼ਾਦੀ ਅਤੇ ਰਾਜ਼ਦਾਰੀ ਨਾਲ ਸਬੰਧਿਤ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੇ ਸਿਧਾਂਤਾਂ ਦੀ ਵਰਤੋਂ ਕਰਦੇ ਹਾਂ।

1. ਇਸ ਸਾਰ ਵਿੱਚ ਕਈ ਵਿਸ਼ਲੇਸ਼ਣ ਸ਼ਾਮਿਲ ਹਨ, ਪਰ ਸਮਗ੍ਰੀ ਸਬੰਧੀ ਰੈਗੁਲੇਸ਼ਨ ਦੀਆਂ ਸਾਰੀਆਂ ਪਹਿਲਕਦਮੀਆਂ ਨਹੀਂ, ਜਿਹਨਾਂ ਦੀ GNI ਦੇ ਮੈਂਬਰਾਂ ਨੇ ਇਸ ਸਾਰ ਦੇ ਸਿਤੰਬਰ 2020 ਦੇ ਅੱਧ ਵਿੱਚ ਛਪਾਈ ਲਈ ਜਾਣ ਤੱਕ ਯਾਦ ਰੱਖਣ ਯੋਗ ਵਜੋਂ ਪਛਾਣਿਆ ਹੈ।

ਇਤਿਹਾਸਕ ਤੌਰ 'ਤੇ ਵੈਧ ਮਨੁੱਖੀ ਹੱਕਾਂ ਸਬੰਧੀ ਇਹ ਸਿਧਾਂਤ, ਹਿਤਧਾਰਕਾਂ ਨੂੰ ਸ਼ਾਮਿਲ ਕਰਨ ਲਈ ਵਿਧਾਇਕਾਂ ਨੂੰ ਰਚਨਾਤਮਕ ਅਤੇ ਢੁਕਵੇਂ ਤਰੀਕੇ ਲੱਭਣ ਵਿੱਚ ਮਦਦ ਕਰ ਸਕਦੇ ਹਨ, ਇਸ ਉਦੇਸ਼ ਲਈ ਢੁਕਵੇਂ ਨੇਮ ਤਿਆਰ ਕਰ ਸਕਦੇ ਹਨ ਅਤੇ ਅਣਇੱਛਤ ਨਤੀਜਿਆਂ ਨੂੰ ਘੱਟ ਕਰ ਸਕਦੇ ਹਨ। **ਉਹ ਸਰਕਾਰਾਂ, ਜੋ ਸਰਗਰਮੀ ਨਾਲ ਮਨੁੱਖੀ ਹੱਕਾਂ ਨੂੰ ਆਪਣੇ ਵਿਚਾਰ-ਵਟਾਂਦਰਿਆਂ ਅਤੇ ਇਹਨਾਂ ਨੂੰ ਤਿਆਰ ਕਰਨ ਲਈ ਸਭ ਤੋਂ ਅਗਾਂਹ ਰੱਖਦੀਆਂ ਹਨ, ਉਹਨਾਂ ਵਲੋਂ ਨਾ ਸਿਰਫ਼ ਆਪਣੇ ਖ਼ੁਦ ਦੇ ਪ੍ਰੇਰਣ ਵਾਲੇ ਵਾਅਦਿਆਂ ਦੀ ਉਲੰਘਣਾ ਕਰਨ ਦੀ ਸੰਭਾਵਨਾ ਘੱਟ ਹੁੰਦੀ ਹੈ, ਉਹ ਸਰਕਾਰੀ ਅਤੇ ਪ੍ਰਾਈਵੇਟ ਜ਼ਿੰਮੇਵਾਰੀਆਂ ਵਿਚਕਾਰ ਸੰਤੁਲਨ ਬਣਾਉਂਦਿਆਂ ਹੋਇਆਂ, ਢੁਕਵੇਂ ਪ੍ਰੇਰਕ ਤਿਆਰ ਕਰਨ, ਭਰੋਸਾ ਵਧਾਉਣ, ਨਵੀਂ ਕਾਢ ਨੂੰ ਉਤਸਾਹ ਦਿੰਦਿਆਂ ਹੋਇਆਂ ਹੋਰ ਸੂਚਿਤ ਅਤੇ ਅਸਰਦਾਰ ਸਿੱਟੇ**ਵੀ ਹਾਸਿਲ ਕਰ ਸਕਦੀਆਂ ਹਨ।

# ਸਾਨੂੰ ਕੀ ਮਿਲਿਆ ਹੈ

ਹਾਲਾਂਕਿ ਇਸ ਸਾਰ ਵਿੱਚ ਪਰਖੀ ਗਈ ਵੱਖ-ਵੱਖ ਸਮੱਗਰੀ ਦੀ ਨੇਮਬੰਦੀ ਬਾਰੇ ਕੋਸ਼ਿਸ਼ਾਂ ਵਿਚਕਾਰ ਅਹਿਮ ਫ਼ਰਕ ਹਨ, ਜੋ ਬਹੁਤ ਸਾਰੀਆਂ ਕੁਝ ਮੁੱਖ ਖ਼ੂਬੀਆਂ ਸਾਂਝੀਆਂ ਕਰਦੇ ਹਨ। ਪਰਿਭਾਸ਼ਾ ਅਨੁਸਾਰ, ਅਜਿਹੀਆਂ ਪਹਿਲਕਦਮੀਆਂ ICT ਵਾਤਾਵਰਣ ਵਿਚਲੇ ਜ਼ਿੰਮੇਵਾਰੀਆਂ ਦੇ ਸੰਤੁਲਨ ਨੂੰ ਬਦਲ ਦਿੰਦੀਆਂ ਹਨ, ਜਿਸ ਨਾਲ **ਕਾਨੂੰਨੀ ਬੇਯਕੀਨੀ ਦੀ ਇੱਕ ਸ਼੍ਰੇਣੀ ਦੀ** ਸ਼ੁਰੂਆਤ ਹੁੰਦੀ ਹੈ, ਜੋ ਯੂਜ਼ਰ ਦੀ ਸਮਝ ਅਤੇ ਉਮੀਦਾਂ ਨੂੰ ਬਦਲ ਸਕਦੀ ਹੈ, ਜਾਣਕਾਰੀ ਦੇ ਅਹਿਮ ਸਿਲਸਿਲਿਆਂ ਵਿੱਚ ਵਿਘਨ ਪਾ ਸਕਦੀ ਹੈ ਅਤੇ ਹਰ ਅਕਾਰ ਦੀਆਂ ICT ਕੰਪਨੀਆਂ ਅਤੇ ਕਾਰੋਬਾਰੀ ਮਾੱਡਲਾਂ ਲਈ ਅਸਾਵੇਂ ਜ਼ੋਖ਼ਮ ਵਾਲਾ ਖੇਤਰ ਹੈ। ਇਹ ਆਪਣੇ ਆਪ ਵਿੱਚਨੇਮਬੰਦੀ ਤੋਂ ਦੂਰ ਰਹਿਣ ਦਾ ਕਾਰਣ ਨਹੀਂ ਹੈ, ਹਾਲਾਂਕਿ ਕੁਝ ਸਰਕਾਰਾਂ ਨੇ ਅਜਿਹੇ ਵਿਘਨ ਦੇ ਸਮਾਜਕ ਅਤੇ ਆਰਥਕ ਅਸਰਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਾਫ਼ੀ ਕੋਸ਼ਿਸ਼ਾਂ ਕਰਨ ਦਾ ਮੁਜ਼ਾਹਰਾ ਕੀਤਾ ਹੈ।

ਗ਼ੈਰਕਾਨੂੰਨੀ ਜਾਂ ਨਹੀਂ ਤਾਂ ਅਢੁਕਵੀਂ ਸਮੱਗਰੀ ਜਾਂ ਵਿਹਾਰ ਦਾ ਵਿਹਾਰਕ ਤੌਰ 'ਤੇ ਪਤਾ ਲਾਉਣ ਲਈ **ਸਮੱਗਰੀ ਸਬੰਧੀ ਨੇਮਬੰਦੀ ਬਾਰੇ ਕਈ ਕੋਸ਼ਿਸ਼ਾਂ ਲਈ ਸਾਲਸੀਆਂ ਨੂੰ ਆਪਣੇ ਆਪ ਫ਼ਿਲਟਰ ਹੋਣ ਵਾਲੇ ਪ੍ਰਬੰਧਾਂ 'ਤੇ ਹੋਰ ਜ਼ਿਆਦਾ ਭਰੋਸਾ ਕਰਨ ਲਈ ਜਾਂ**ਨਹੀਂ ਤਾਂ ਦ੍ਰਿੜ੍ਹਤਾ ਨਾਲ ਉਤਸਾਹ ਦੇਣ ਦੀ ਲੋੜ ਪੈਂਦੀ ਹੈ, ਇਸ ਤੱਥ ਦੇ ਬਾਵਜੂਦ ਇਸ ਤਰ੍ਹਾਂ ਦੇ ਪ੍ਰਬੰਧ, ਆਪਣੀ ਮੌਜੂਦਾ ਸਥਿਤੀ ਵਿੱਚ, ਬਹੁਤ ਜ਼ਿਆਦਾ ਹਟਾਉਣ ਦਾ ਨਤੀਜਾ ਹੋ ਸਕਦੀ ਹੈ ਅਤੇ ਆਪਣੇ ਆਪ ਸੈਂਸਰਸ਼ਿਪ ਲਾਉਣ ਦੇ ਜ਼ੋਖ਼ਮ ਨੂੰ ਵਧਾ ਸਕਦੀਆਂ ਹਨ।[2] ਇਸ ਤੋਂ ਅਗਾਂਹ, ਜਾਇਜ਼ਾ ਕੀਤੀਆਂ ਗਈਆਂ ਕਈ ਪਹਿਲਕਦਮੀਆਂ ਨਾਲ **ਸਾਲਸੀਆਂ ਨੂੰ ਤੀਜੀ ਧਿਰ ਦੀ ਸਮਗ੍ਰੀ ਜਾਂ ਉਹਨਾਂ ਦੀਆਂ ਸੇਵਾਵਾਂ ਦੀ ਕਾਨੂੰਨੀ ਵੈਧਤਾ ਜਾਂ ਢੁਕਵੇਂਪਨ** , ਕਾਨੂੰਨ ਦੇ ਸ਼ਾਸਨ ਲਈ ਅਣਇੱਛਤ ਨਤੀਜਿਆਂ ਅਤੇ ਪੇਚੀਦਾ ਅਸਰ ਤਿਆਰ ਕਰਨ, ਲੋਕਰਾਜੀ ਅਮਲ, ਜਵਾਬਦੇਹੀ ਅਤੇ ਨਿਪਟਾਰੇ ਲਈ ਤੇਜ਼ੀ ਨਾਲ ਫ਼ੈਸਲੇ ਲੈਣ ਲਈ ਮਜਬੂਰ ਕੀਤਾ ਜਾਏਗਾ।

ਇਸ ਤੋਂ ਅਲਾਵਾ, ਇਹਨਾਂ ਵਿੱਚੋਂ ਕੁਝ ਪਹਿਲਕਦਮੀਆਂ ਵਿੱਚ ਅਢੁਕਵੇਂ ਤੌਰ 'ਤੇ ਜਾਂ ਸਪਸ਼ਟ ਤੌਰ 'ਤੇ **ਸਮਗ੍ਰੀ ਦਾ ਪਤਾ ਲਾਉਣ ਅਤੇ/ਜਾਂ ਅਖ਼ਤਿਆਰ ਦੀ ਲੋੜ ਪੈਂਦੀ ਹੈ, ਜੋ ਰਾਜ਼ਦਾਰੀ ਦੀਆਂ ਅਹਿਮ ਚਿੰਤਾਵਾਂ ਵਧਾਉਂਦੀ ਹੈ**। ਨਿਜੀ ਸੁਨੇਹਿਆਂ ਸਬੰਧੀ ਸੇਵਾਵਾਂ ਨੂੰ ਨੇਮਬੱਧ ਕਰਨ ਲਈ ਵਿਧਾਇਕਾਂ/ਪਾਰਲੀਮੈਂਟ ਮੈਂਬਰਾਂ ਦੀਆਂ ਕੋਸ਼ਿਸ਼ਾਂ ਵਿੱਚ ਉਹਨਾਂ ਨੂੰ ਖ਼ਾਸ ਤੌਰ 'ਤੇ ਵੰਗਾਰਿਆ ਗਿਆ ਹੈ, ਜਿਹਨਾਂ ਵਿੱਚੋਂ ਕਈਆਂ ਵਿੱਚ ਮਜ਼ਬੂਤ ਐਂਡ-ਟੂ-ਐਂਡ ਇੰਕ੍ਰਿਪਸ਼ਨ ਦੀ ਖ਼ਾਸੀਅਤ ਹੈ, ਜੋ ਯੂਜ਼ਰ ਦੀ ਸਮਗ੍ਰੀ ਅਤੇ ਸੁਰੱਖਿਆ ਦੀ ਰਾਖੀ ਕਰਦੀ ਹੈ, ਪਰ ਸਾਲਸੀਆਂ ਵਲੋਂ ਸਮਗ੍ਰੀ ਦੇ ਸੰਤੁਲਨ ਨੂੰ ਵੰਗਾਰ ਵਾਲੀ ਬਣਾ ਸਕਦੀ ਹੈ।

ਆਖ਼ਰਕਾਰ, ਇਹ ਕਈ ਕੋਸ਼ਿਸ਼ਾਂ **ਜ਼ਰੂਰੀ ਨਾਲੋਂ ਜ਼ਿਆਦਾ ਵਿਆਪਕ ਤੌਰ 'ਤੇ ਲਾਗੂ ਹੁੰਦੀਆਂ ਹਨ**। ਕੁਝ ਲੋਕ ਸਿਰਫ਼ ਗ਼ੈਰਕਾਨੂੰਨੀ ਪ੍ਰਗਟਾਵੇ ਨੂੰ ਹੋਰ ਅਸਰਦਾਰ ਢੰਗ ਨਾਲ ਨਹੀਂ ਨਜਿੱਠਣਾ ਚਾਹੁੰਦੇ, ਬਲਕਿ ਨਾਲ ਹੀ ਕਾਨੂੰਨੀ ਤੌਰ ਤੇ, ਪਰ ਨੁਕਸਾਨਦੇਹ ਸਮਗ੍ਰੀ ਨੂੰ ਨੇਮਬੱਧ ਕਰਨਾ ਚਾਹੁੰਦੇ ਹਨ। ਹੋਰ ਨੇਮ, ਭਾਵੇਂ ਸਪੱਸ਼ਟ ਤੌਰ 'ਤੇ ਜਾਂ ਅਸਪੱਸ਼ਟ ਜਾਂ ਗੋਲਮੋਲ ਭਾਸ਼ਾ ਕਰਕੇ ਪੂਰੇ ICT ਖੇਤਰ ਦੀਆਂ ਵੱਖ-ਵੱਖ ਪਰਤਾਂ ਵਾਲੀਆਂ ਕੰਪਨੀਆਂ 'ਤੇ ਲਾਗੂ ਹੁੰਦੇ ਹਨ, ਜਿਹਨਾਂ ਕਰਕੇ ਕੰਪਨੀਆਂ ਵਿਚਕਾਰ ਜਵਾਬਦੇਹੀ ਲਈ ਗ਼ੈਰਜ਼ਰੂਰੀ ਤੌਰ 'ਤੇ ਸੰਭਾਵਨਾ ਤਿਆਰ ਕਰਨਾ, ਜਿਹੜੀਆਂ ਕੰਪਨੀਆਂ ਸਮੱਗਰੀ ਨਾਲ ਅਸਰਦਾਰ ਤਰੀਕੇ ਨਾਲ ਜਾਂ ਅਨੁਪਾਤੀ ਤੌਰ 'ਤੇ ਨਜਿੱਠਣ ਲਈ ਚੰਗੀ ਤਰ੍ਹਾਂ ਸਮਰੱਥ ਨਹੀਂ ਹਨ। ਅਤੇ ਫਿਰ ਵੀ ਹੋਰ ਲੋਕ ਹੋਰ ਅਧਿਕਾਰ-ਖੇਤਰਾਂ ਅਤੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਯੂਜ਼ਰ ਦੇ ਹੱਕਾਂ ਲਈ ਅਸਰਾਂ ਨੂੰ ਧਿਆਨ ਵਿੱਚ ਰੱਖੇ ਬਿਨਾ ਸਮਗ੍ਰੀ ਨੂੰ ਇਲਾਕਾਈ ਹੱਦਾਂ ਤੋਂ ਬਾਹਰਲੀਆਂ ਥਾਵਾਂ ਅਤੇ ਇੱਥੋਂ ਤੱਕ ਕਿ ਆਲਮੀ ਪੱਧਰ 'ਤੇ ਵੀ ਨੇਮਬੱਧ ਕਰਨ ਲਈ ਅਥਾੱਰਿਟੀ 'ਤੇ ਜ਼ੋਰ ਪਾਉਂਦੇ ਹਨ।

2. ਵੇਖੋ, Natasha Duarte ਅਤੇ Emma Llansó, "ਮਿਸ਼੍ਰਤ ਸੁਨੇਹਾ? ਆੱਟੋਮੇਟਿਡ ਸੋਸ਼ਲ ਮੀਡੀਆ ਦੀ ਸਮਗ੍ਰੀ ਦੇ ਵਿਸ਼ਲੇਸ਼ਣ ਦੀਆਂ ਬੰਦਿਸ਼ਾਂ (The Limits of Automated Social Media Content Analysis,") 28 ਨਵੰਬਰ, 2017, https://cdt.org/insights/mixed-messages-the-limits-of-automated-social-media-content-analysis/.

# ਅਸੀਂ ਕੀ ਸਿਫਾਰਸ਼ ਕਰਦੇ ਹਾ[3]

ਸਮਗ੍ਰੀ ਨੂੰ ਨੇਮਬੱਧ ਕਰਨ ਲਈ ਅਸਰਦਾਰ ਅਤੇ ਅਨੁਪਾਤੀ ਨਜ਼ਰੀਏ ਦਾ ਪਤਾ ਲਾਉਣ ਲਈ, ਸਰਕਾਰੀ **ਅਥਾੱਰਟੀਆਂ ਨੂੰ ਇਹ ਪਛਾਣਨ ਦੀ ਲੋੜ ਹੈ ਕਿ ICT ਖੇਤਰ ਪੱਕੇ ਤੌਰ 'ਤੇ ਤਰੱਕੀ ਕਰ ਰਿਹਾ ਹੈ।** ਯੂਜ਼ਰ ਵਲੋਂ ਅਹਿਮ ਤਰੀਕਿਆਂ ਵਿੱਚ ਤਿਆਰ ਕੀਤੀ ਗਈ ਵੱਖਰੀ ਸਮਗ੍ਰੀ ਸਾਂਝੀ ਕਰਨ ਦੀ ਸਹੂਲਤ ਦੇਣ ਵਾਲੀਆਂ ਸੇਵਾਵਾਂ, ਅਤੇ ICT ਖੇਤਰ ਵਿੱਚ ਅੰਤਰ-ਸਬੰਧਿਤ ਹਿੱਸਿਆਂ ਵਾਲਾ ਇੱਕ ਵਾਤਾਵਰਣ ਹੈ, ਜਿਸ 'ਤੇ ਬਹੁਤ ਸਾਰੀਆਂ ਸਨਅੱਤਾਂ, ਪਹਿਲਕਦਮੀਆਂ ਅਤੇ ਸੰਭਾਵਨਾਵਾਂ ਟਿਕੀਆਂ ਹੋਈਆਂ ਹਨ। ਇਹ ਪੇਚੀਦਗੀ ਇਸ ਗੱਲ 'ਤੇ ਸੁਚੱਜੀ ਸੋਚ-ਵਿਚਾਰ ਕਰਨ ਦੀ ਸਲਾਹ ਦਿੰਦੀ ਹੈ ਕਿ ਸਟੇਟ ਦੀਆਂ ਕਿਹੜੀਆਂ ਕਾਰਵਾਈਆਂ ਸਭ ਤੋਂ ਢੁਕਵੀਆਂ ਹਨ ਅਤੇ ਕਿਹੜੀਆਂ ਵਿਸ਼ੇਸ਼ ਵੰਗਾਰਾਂ ਨਾਲ ਨਜਿੱਠਣ ਲਈ ਬਾਰੀਕਬੀਨੀ ਨਾਲ ਤਿਆਰ ਕੀਤੀ ਗਈ ਹੈ। ਕਾਨੂੰਨ ਬਣਾਉਣ ਵਾਲਿਆਂ ਨੂੰ ਉਹਨਾਂ ਤਰਜੀਹਾਂ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ, ਜੋ ਉਹਨਾਂ ਦੀਆਂ ਕੋਸ਼ਿਸ਼ਾਂ ਬਾਰੇ ਦੱਸਦੀਆਂ ਹਨ ਅਤੇ ਉਹਨਾਂ ਨੂੰ ਹਾਸਿਲ ਕਰਨ ਲਈ ਵੰਨ-ਸੁਵੰਨੀਆਂ ਸਿਫ਼ਾਰਸ਼ਾਂ ਲੈਣ ਲਈ ਖੁੱਲ੍ਹੀਆਂ ਹਨ।

ਚੰਗੀ ਗੱਲ ਇਹ ਹੈ ਕਿ ਕਈ ਪ੍ਰਬੰਧਕ, ਮਨੁੱਖੀ ਹੱਕਾਂ ਦਾ ਸਤਿਕਾਰ ਕਰਦਿਆਂ ਹੋਇਆਂ ਨੁਕਸਾਨਦੇਹਸਮਗ੍ਰੀ ਅਤੇ ਆੱਨਲਾਈਨ ਵਿਹਾਰ ਬਾਰੇ ਵੈਧ ਸਰਕਾਰੀ ਪਾੱਲਿਸੀ ਸਬੰਧੀ ਚਿੰਤਾਵਾਂ ਦੂਰ ਕਰਨ ਦੀ ਲੋੜ 'ਤੇ ਸਹਿਮਤ ਹਨ। ICT ਦੀਆਂ ਕਈ ਕੰਪਨੀਆਂ ਸਪਸ਼ਟ, ਸਰਬਜਨਕ ਤੌਰ 'ਤੇ ਪਰਿਭਾਸ਼ਤ ਕਾਨੂੰਨਾਂ ਅਤੇ ਜ਼ਿੰਮੇਵਾਰੀਆਂ ਦੀ ਅਹਿਮੀਅਤ ਨੂੰ ਪਛਾਣਨ ਲਈ ਅੱਗੇ ਆਈਆਂ ਹਨ, ਜਦਕਿ ਸਿਵਿਲ ਸੁਸਾਇਟੀ ਦੇ ਪ੍ਰਬੰਧਕ ਸਭ ਤੋਂ ਕਮਜ਼ੋਰ ਅਤੇ ਅਤਿ-ਪੱਛੜੇ ਭਾਈਚਾਰਿਆਂ ਦੀ ਅਸਲ ਦੁਨੀਆ ਦੇ ਅਨੁਭਵਾਂ ਤੋਂ ਮਿਲੀ ਉਸਾਰੂ ਅਤੇ ਅਕਸਰ ਪਹਿਲਾਂ ਤੋਂ ਅੰਦਾਜ਼ਾ ਲਾਈ ਗਈ ਸਲਾਹ ਦਿੰਦੇ ਰਹਿੰਦੇ ਹਨ। **ਇਹ ਯਕੀਨੀ ਬਣਾਉਣ ਲਈ ਕਿ ਨਤੀਜੇ ਚੰਗੇ ਵਿਚਾਰ ਵਾਲੇ ਅਤੇ ਸਬੂਤ ਅਧਾਰਿਤ ਹਨ,**ਇਸ ਲਈ ਵਿਧਾਨਕ ਗੱਲਬਾਤ ਲਈ ਅਮਲ ਖੁੱਲ੍ਹਾ ਅਤੇ ਦੋਸਤਾਨਾ ਹੋਣ ਦੇ ਨਾਲ ਹੀ ਵਿਆਪਕ ਮੁਹਾਰਤ ਬਾਰੇ ਇੱਕ ਖ਼ਾਕਾ ਹੋਣਾ ਚਾਹੀਦਾ ਹੈ। ਅਣਚੁਣੀ ਰੈਗੁਲੇਟਰੀ ਜਾਂ ਨਿਗਰਾਨੀ ਵਾਲੀਆਂ ਸੰਸਥਾਵਾਂ ਨੂੰ ਪਾਰਦਰਸ਼ਿਤਾ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਅਤੇ ਵੰਨ-ਸੁਵੰਨੇ ਗਾਹਕਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਇਸ ਤੋਂ ਅਲਾਵਾ, ਸਰਕਾਰਾਂ ਇੱਕ ਦੂਜੇ ਤੋਂ ਸਿਖ ਸਕਦੀਆਂ ਹਨ ਅਤੇ ਸਿਖਣਾ ਚਾਹੀਦਾ ਹੈ, ਜਦਕਿ ਉਹਨਾਂ ਨੂੰ ਇਸ ਗੱਲ ਨੂੰ ਵੀ ਪਛਾਣਨਾ ਚਾਹੀਦਾ ਹੈ ਕਿ**ਪੇਚੀਦਾ ਰੈਗੁਲੇਟਰੀ ਵੰਗਾਰਾਂ ਲਈ ਪਹਿਲਾਂ ਤੋਂ ਤਿਆਰ ਹੱਲ ਨਹੀਂ ਹਨ।** ਸਰਕਾਰਾਂ ਨੂੰ ਉਹਨਾਂ ਕਾਰਵਾਈਆਂ ਨੂੰ ਸਮਝਣ ਅਤੇ ਵਿਚਾਰ ਕਰਨ ਲਈ ਸਮਾਂ ਲਾਉਣ ਦੀ ਲੋੜ ਹੈ, ਜੋ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਸਬੰਧੀ ਜ਼ਿੰਮੇਵਾਰੀਆਂ ਦੇ ਅਨੁਕੂਲ ਹਨ ਅਤੇ ਉਹਨਾਂ ਦੇ ਅਧਿਕਾਰ-ਖੇਤਰ ਲਈ ਢੁਕਵੀਆਂ ਅਤੇ ਅਨੁਪਾਤੀ ਹਨ।

ਹਾਲਾਂਕਿ ਇਹ ਸਪਸ਼ਟ ਹੈ ਕਿ ICT ਕੰਪਨੀਆਂ ਦੀਆਂ ਜ਼ਿੰਮੇਵਾਰੀਆਂ ਹਨ ਅਤੇ ਆੱਨਲਾਈਨ ਨੁਕਸਾਨ ਨਾਲ ਨਜਿੱਠਣ ਲਈ ਨਿਭਾਉਣ ਵਾਸਤੇ ਅਹਿਮ ਭੂਮਿਕਾਵਾਂ ਹਨ,**ਕਾਨੂੰਨ ਬਣਾਉਣ ਵਾਲਿਆਂ ਨੂੰ ਗ਼ੈਰਕਾਨੂੰਨੀ ਸਮਗ੍ਰੀ ਤਿਆਰ ਕਰਨ ਵਾਲਿਆਂ ਤੋਂ ਲੈਕੇ ਸਾਲਸੀਆਂ ਨੂੰ ਸਾਰੀ ਕਾਨੂੰਨੀ ਜ਼ਿੰਮੇਵਾਰੀ ਸੌਂਪਣ ਦੀ ਅਪੀਲ ਦਾ ਵਿਰੋਧ ਕਰਨਾ ਚਾਹੀਦਾ ਹੈ।** ਇਹ ਨਾ ਸਿਰਫ਼ ਕੰਪਨੀ ਦੀਆਂ ਤਰਜੀਹਾਂ ਨੂੰ ਲੀਹੋ ਲਾਹ ਸਕਦਾ ਹੈ, ਅਖੰਡ ਨਿਗਰਾਨੀ ਅਤੇ ਬਹੁਤ ਜ਼ਿਆਦਾ ਸਮਗ੍ਰੀ ਹਟਾਉਣ ਲਈ ਵੀ ਪ੍ਰੇਰਦਾ ਹੈ, ਇਹ ਅਕਸਰ ਨੁਕਸਾਨਦੇਹ ਸਮਗ੍ਰੀ ਅਤੇ ਵਿਹਾਰ ਦੇ ਮੂਲ ਪ੍ਰੇਰਕਾਂ ਨਾਲ ਨਜਿੱਠਣ ਲਈ ਮਾਮੂਲੀ ਕਾਰਵਾਈ ਕਰਦਾ ਹੈ।

ICT ਖੇਤਰ ਨੂੰ ਕੰਟਰੋਲ ਕਰਨ ਵਾਲੇ ਕਾਨੂੰਨਾਂ ਅਤੇ ਨੇਮਬੰਧਕਾਂ ਨੂੰ ਵੀ ਨਿਸ਼ਾਨਾ ਬਣਾਉਣਾ ਚਾਹੀਦਾ ਹੈ ਅਤੇ ਅਨੁਕੂਲ ਵਿਚਾਰਾਂ ਨੂੰ ਬਾਰੀਕਬੀਨੀ ਨਾਲ ਤਿਆਰ ਕਰਨਾ ਚਾਹੀਦਾ ਹੈ। ਕਾਨੂੰਨ ਬਣਾਉਣ ਵਾਲਿਆਂ ਨੂੰ ਡਿਜੀਟਲ ਸੇਵਾਵਾਂ ਦੀ ਵੰਨ-ਸੁਵੰਨਤਾ ਵਧਾਉਣ ਅਤੇ ਅਧਿਕਾਰ ਲਈ ਅੜਿੱਕਿਆਂ ਨੂੰ ਵਧਾਉਣ ਤੋਂ ਬਚਣ ਦੀ ਮੰਗ ਕਰਦਿਆਂ, ਅਜਿਹੇ ਕਾਨੂੰਨਾਂ ਅਤੇ ਰੈਗੁਲੇਸ਼ਨਾਂ 'ਤੇ ਸੁਚੱਜਾ ਧਿਆਨ ਦੇਣਾ ਚਾਹੀਦਾ ਹੈ, ਜਿਹਨਾਂ ਦਾ **ਵੱਖ-ਵੱਖ ਕਾਰੋਬਾਰੀ ਮਾੱਡਲਾਂ ਵਾਲੀਆਂ ਕੰਪਨੀਆਂ 'ਤੇ ਅਸਰ ਪਏਗਾ।**

ਇਹਨਾਂ ਸਾਰੇ ਕਾਰਣਾਂ ਲਈ,**ਨੇਮਬੱਧ ਕਰਨ ਲਈ ਫ਼ੈਸਲਾ ਕਰਦਿਆਂ, ਸਰਕਾਰਾਂ ਨੂੰ ਆਪਣੀਆਂ ਕੋਸ਼ਿਸ਼ਾਂ ਵਿੱਚ ਮਜ਼ਬੂਤ ਪਾਰਦਰਸ਼ਿਤਾ, ਉਪਾਅ ਅਤੇ ਜਵਾਬਦੇਹੀ ਸਬੰਧੀ ਕਾਰਵਾਈਆਂ ਤਿਆਰ ਕਰਨੀਆਂ ਚਾਹੀਦੀਆਂ ਹਨ।** ਅਜਿਹੀਆਂ ਕਾਰਵਾਈਆਂ ਨਾਲ ਪਾੱਲਿਸੀ ਬਣਾਉਣ ਵਾਲਿਆਂ ਅਤੇ ਹੋਰ ਸਬੰਧਿਤ ਹਿਤਧਾਰਕਾਂ ਨੂੰ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਸਮਗ੍ਰੀ ਸਬੰਧੀ ਰੈਗੁਲੇਸ਼ਨ ਸੋਚੇ ਗਏ ਅਨੁਸਾਰ ਕੰਮ ਕਰ ਰਹੇ ਹਨ, ਇਸ ਵਿੱਚ ਅਣਚੁਣੀ ਨਿਗਰਾਨੀ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀਆਂ ਸਰਗਰਮੀਆਂ ਅਤੇ ਪ੍ਰਭਾਵਕਤਾ ਦਾ ਮੁਲਾਂਕਣ ਕਰਨਾ ਸ਼ਾਮਿਲ ਹੁੰਦਾ ਹੈ। ਜਿੱਥੇ ਅਨੁਭਵ ਦਰਸਾਉਂਦਾ ਹੈ ਕਿ ਸਮਗ੍ਰੀ ਸਬੰਧੀ ਰੈਗੁਲੇਸ਼ਨ ਸੋਚੇ ਗਏ ਅਨੁਸਾਰ ਕੰਮ ਨਹੀਂ ਕਰ ਰਹੇ, ਤਾਂ ਸਰਕਾਰਾਂ ਨੂੰ ਸਾਹਮਣੇ ਆ ਰਹੇ ਕਿਸੇ ਵੀ ਮੁੱਦੇ ਨੂੰ ਪਛਾਣਨ ਅਤੇ ਉਸ ਵਿੱਚ ਤੇਜ਼ੀ ਨਾਲ ਸੁਧਾਰ ਕਰਨਾ ਚਾਹੀਦਾ ਹੈ।

3. ਧਿਆਨ ਦਿਓ: ਇਸ ਦਸਤਾਵੇਜ਼ ਦੇ ਅਖ਼ੀਰ 'ਤੇ ਅੰਤਿਕਾ A ਵਿੱਚ ਸਿਫ਼ਾਰਸ਼ਾਂ ਦਾ ਮੁਕੰਮਲ ਸੈੱਟ ਮਿਲ ਸਕਦਾ ਹੈ।

# ਸਿਫ਼ਾਰਸ਼ਾਂ

## ਕਾਨੂੰਨੀ ਵੈਧਤਾ

- ਕਾਨੂੰਨ/ਨੇਮ ਬਣਾਉਣ ਦਾ ਅਮਲ ਭਾਈਵਾਲੀ ਵਾਲੇ ਤਰੀਕੇ ਨਾਲ ਖੁੱਲ੍ਹੇ ਤੌਰ 'ਤੇ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਜਾਂਚੇ-ਪਰਖੇ ਅਨੁਭਵ ਦੇ ਅਧਾਰ 'ਤੇ ਅਤੇ ਅਸਰ ਦੇ ਮੁਲਾਂਕਣਾਂ ਨਾਲ ਵੰਨ-ਸੁਵੰਨੇ ਅਤੇ ਮਾਹਿਰ ਜਾਣਕਾਰੀ ਮਿਲਣ ਦਾ ਮੌਕਾ ਮਿਲਦਾ ਹੈ।
- ਸੁਤੰਤਰ ਸੰਸਥਾਵਾਂ ਲੋਕਾਂ ਦੇ ਹਿੱਤ ਅਨੁਸਾਰ ਅਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੇ ਹਿਸਾਬ ਨਾਲ ਕੰਮ ਕਰਨ ਨੂੰ ਯਕੀਨੀ ਬਣਾਉਣ ਲਈ, ਉਹਨਾਂ ਸੰਸਥਾਵਾਂ ਨੂੰ ਜਿਸ ਹੱਦ ਤੱਕ ਢੁਕਵੇਂ ਨੇਮ ਬਣਾਉਣ ਦਾ ਅਧਿਕਾਰ ਅਤੇ ਅਖ਼ਤਿਆਰ ਦਿੱਤਾ ਗਿਆ ਹੈ, ਉਹ ਜ਼ੋਰਦਾਰ ਨਿਗਰਾਨੀ ਕਰਨ ਅਤੇ ਜਵਾਬਦੇਹੀ ਦੇਣ ਵਾਲਾ ਸਿਲਸਿਲਾ ਤਿਆਰ ਕਰਨ।
- ਯਕੀਨੀ ਬਣਾਉਣਾ ਕਿ ਸਰਬਜਨਕ ਕਾਨੂੰਨ "ਇੱਕ ਵਿਅਕਤੀ ਨੂੰ ਦਿੱਤੇ ਗਏ ਅਨੁਸਾਰ ਨੇਮਬੱਧ ਕਰਨ ਵਾਸਤੇ ਆਪਣੇ ਵਿਹਾਰ ਨੂੰ ਸਮਰੱਥ ਕਰਨ ਲਈ ਢੁਕਵੀਂ ਸਟੀਕਤਾ ਨਾਲ ਤਿਆਰ ਕੀਤੇ ਗਏ ਹਨ।"
- ਉਹ ਨਜ਼ਰੀਏ, ਜੋ ਸਪਸ਼ਟ ਸੀਮਤ ਕਸੌਟੀ ਬਣਾਉਂਦੇ ਹਨ ਅਤੇ ਉਹਨਾਂ ਕਸੌਟੀਆਂ ਨੂੰ ਪੂਰਾ ਕਰਨ ਵੇਲੇ ਇਹ ਸੰਕਲਪ ਛੱਡ ਦਿੰਦੇ ਹਨ ਕਿ ਫ਼ੈਸਲਾ ਸਭ ਤੋਂ ਢੁਕਵਾਂ ਹੈ।
- ਕਿਸ ਗੱਲ ਦੀ ਮਨਾਹੀ ਕੀਤੀ ਹੈ, ਦੇ ਨਾਲ ਹੀ ਮਨਾਹੀ ਲਾਗੂ ਕਰਨ ਵਿੱਚ ਨਾਕਾਮ ਰਹਿਣ ਬਦਲੇ ਕਿਸ ਨੂੰ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ, ਨੂੰ ਸਪਸ਼ਟ ਤੌਰ 'ਤੇ ਅਤੇ ਬਿਲਕੁਲ ਸਹੀ ਤਰੀਕੇ ਨਾਲ ਪਰਿਭਾਸ਼ਤ ਕਰਨਾ।
- ਗ਼ੈਰਕਾਨੂੰਨੀ ਸਮਗ੍ਰੀ ਦੀਆਂ ਰਿਪੋਰਟਾਂ ਕਰਨ ਸਬੰਧੀ ਜ਼ਿੰਮੇਵਾਰ ਕੰਪਨੀ ਲਈ ਸਪਸ਼ਟ ਉਮੀਦਾਂ ਤੈਅ ਕਰਨੀਆਂ।
- ਯਕੀਨੀ ਬਣਾਉਣਾ ਕਿ ਕਾਨੂੰਨ ਵਿੱਚ ਪਾਰਦਰਸ਼ਿਤਾ, ਨਿਗਰਾਨੀ ਅਤੇ ਉਪਾਅ ਦੀ ਲੋੜ ਹੈ, ਤਾਂਜੋ "ਇਸ ਨੂੰ ਸਿਰੇ ਚਾੜ੍ਹਣ ਵਾਲੇ ਉਹਨਾਂ ਇਲਜ਼ਾਮਾਂ ਬਾਰੇ ਪ੍ਰਗਟਾਵੇ ਦੀ ਅਜ਼ਾਦੀ ਦੀ ਪਾਬੰਦੀ ਲਈ ਬੇਰੋਕ ਅਖ਼ਤਿਆਰ ਦੇਣ ਤੋਂ" ਬਚਿਆ ਜਾ ਸਕੇ।

## ਪ੍ਰਮਾਣਕਤਾ

- ਯਕੀਨੀ ਬਣਾਉਣਾ ਕਿ ਮਨਾਹੀ ਵਾਲੀ ਸਮਗ੍ਰੀ ਸਿਵਿਲ ਅਤੇ ਸਿਆਸੀ ਹੱਕਾਂ ਬਾਰੇ ਅੰਤਰਰਾਸ਼ਟਰੀ ਇਕਰਾਰਨਾਮਾ (ICCPR) ਆਰਟੀਕਲ 19(3) ਵਿੱਚ ਘੜੇ ਗਏ "ਵੈਧ ਉਦੇਸ਼ਾਂ" ਵਿੱਚੋਂ ਇੱਕ ਵਿੱਚ ਆਉਂਦੀ ਹੈ।
- ਯਕੀਨੀ ਬਣਾਉਣਾ ਕਿ ਵਿਵਾਦ ਵਾਲੀ ਅਤੇ ਹੇਠੀ ਕਰਨ ਵਾਲੀ ਸਮਗ੍ਰੀ 'ਤੇ ਸਿਰਫ਼ ਇਸ ਕਰਕੇ ਪਾਬੰਦੀ ਨਹੀਂ ਲਾਈ ਗਈ ਕਿ ਇਹ ਕੁਝ ਦਰਸ਼ਕਾਂ ਨੂੰ ਅਸੁਖਾਵਾਂ ਕਰ ਸਕਦੀ ਹੈ।
- ਯਕੀਨੀ ਬਣਾਉਣਾ ਕਿ ਅਨਾਲੌਗ ਸੰਦਰਭਾਂ ਵਿੱਚ ਮੰਜ਼ੂਰਸ਼ੁਦਾ ਸਮਗ੍ਰੀ ਨੂੰ ਡਿਜੀਟਲ ਰੂਪ ਵਿੱਚ ਵੀ ਆਗਿਆ ਦਿੱਤੀ ਗਈ ਹੈ।

## ਜ਼ਰੂਰਤ

- "ਪ੍ਰਗਟਾਵੇ ਅਤੇ ਧਮਕੀ ਵਿਚਕਾਰ ਸਿੱਧਾ ਅਤੇ ਫ਼ੌਰੀ ਸਬੰਧ" ਸਿੱਧ ਕਰਨ ਲਈ ਜਾਂਚੇ-ਪਰਖੇ ਅਨੁਭਵ ਦੀ ਮਦਦ ਅਤੇ ਦਲੀਲ ਵਾਲੀ ਸਪਸ਼ਟਤਾ ਮੁਹੱਈਆ ਕਰਨੀ।

- ਕਾਨੂੰਨਾਂ ਦੇ ਸੁਰੱਖਿਆਤਮਕ ਕਾਰਜ ਹਾਸਿਲ ਕਰਨ ਵਾਸਤੇ ਇਹ ਯਕੀਨੀ ਬਣਾਉਣ ਲਈ ਕਿ ਕਾਨੂੰਨ ਢੁਕਵੇਂ ਹਨ, ਲਈ ਸੁਚੱਜੀ, ਸਰਬਜਨਕ, ਭਾਈਵਾਲੀ ਵਾਲਾ ਵਿਚਾਰ-ਵਟਾਂਦਰਾ ਕਰਨਾ, ਉਹਨਾਂ ਵਿੱਚ ਘੱਟੋ-ਘੱਟ ਦਖ਼ਲ ਦੇਣ ਵਾਲੇ ਸਾਧਨਹਨ, ਜੋ ਆਪਣੇ ਸੁਰੱਖਿਆਤਮਕ ਕਾਰਜ ਹਾਸਿਲ ਕਰ ਸਕਦੇ ਹਨ ਅਤੇ ਸੁਰੱਖਿਅਤ ਕੀਤੇ ਜਾਣ ਵਾਲੇ ਹਿੱਤ ਦੇ ਅਨੁਪਾਤ ਵਿੱਚ ਹਨ।
- ਮੁੱਦੇ ਰਾਹੀ ਵਿਸ਼ੇਸ਼ ਚਿੰਤਾ (ਚਿੰਤਾਵਾਂ) ਨਾਲ ਨਜਿੱਠਣ ਲਈ ਸਾਵਧਾਨੀ ਨਾਲ ਵਿਚਾਰ ਕਰਨਾ ਕਿ ਪ੍ਰਾਈਵੇਟ ਸੇਵਾਵਾਂ ਦੀ ਕਿਹੜੀਆਂ ਕਿਸਮਾਂ, ਤਕਨਾਲੌਜੀ ਦੇ ਢੇਰ ਵਿਚਲੀਆਂ ਕਿਹੜੀਆਂ ਪਰਤਾਂ ਨੂੰ ਸਭ ਤੋਂ ਵੱਧ ਢੁਕਵੇਂ ਤਰੀਕੇ ਨਾਲ ਲਾਇਆ ਗਿਆ ਹੈ, ਕੋਸ਼ਿਸ਼ਾਂ 'ਤੇ ਧਿਆਨ ਦੇਣਾ ਕਿ ਸਭ ਤੋਂ ਅਹਿਮ ਜੋਖਮ/ਅਸਰ ਕਿੱਥੇ ਵਾਪਰਦੇ ਹਨ ਅਤੇ ਸਭ ਤੋਂ ਅਸਰਦਾਰ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ।
- ਕਾਰੋਬਾਰੀ ਮਾੱਡਲਾਂ ਅਤੇ ਸਮਰੱਥਾਵਾਂ ਦੀ ਵੰਨ-ਸੁਵੰਨੀ ਸ਼੍ਰੇਣੀ ਨੂੰ ਢਾਲਣਾ। ਸਟਾਰਟ-ਅਪਸ ਅਤੇ ਬਹੁਤ ਛੋਟੀਆਂ ਯੂਨਿਟਾਂ 'ਤੇ ਸ਼ਰਤਾਂ ਕਿਵੇਂ ਅਸਰ ਪਾ ਸਕਦੀਆਂ ਹਨ, ਦੇ ਨਾਲ ਹੀ ਮੁਕਾਬਲੇਬਾਜ਼ੀ ਸਬੰਧੀ ਪਾੱਲਿਸੀ 'ਤੇ ਵੀ ਉਹਨਾਂ ਦਾ ਕੋਈ ਅਣਚਾਹਿਆ ਅਸਰ ਪੈ ਸਕਦਾ ਹੈ।
- ਉਸ ਸਮਗ੍ਰੀ ਅਤੇ ਸਥਿਤੀਆਂ ਦੀਆਂ ਸਟੀਕ ਵਿਸ਼ੇਸ਼ਤਾਵਾਂ ਦੇ ਤੌਰ 'ਤੇ ਸਪਸ਼ਟ ਸੇਧ ਮੁਹੱਈਆ ਕਰਨੀ, ਜਿਹਨਾਂ ਲਈ ਤੇਜ਼ ਜਾਂ ਅਹਿਮ ਕਾਰਵਾਈ ਦੀ ਲੋੜ ਪੈਂਦੀ ਹੈ।
- ਪਾਰਦਰਸ਼ਿਤਾ, ਢੁਕਵੇਂ ਅਮਲ ਅਤੇ ਉਪਾਅ ਵਰਗੇ ਰਿਵਾਇਤੀ ਕਾਨੂੰਨੀ ਨੇਮ ਦੇ ਸੰਕਲਪਾਂ ਦੇ ਅਧਾਰ 'ਤੇ ਢੁਕਵੀਂ ਸਮਗ੍ਰੀ ਦੇ ਸੰਜਮ ਲਈ ਮਿਆਰਾਂ ਨੂੰ ਸਪਸ਼ਟ ਕਰਨਾ।
- ਨਜ਼ਰੀਏ ਵਿੱਚ ਫ਼ਰਕ ਹੋਣ ਅਤੇ ਤਜਰਬੇ ਲਈ ਮੌਕਾ ਦੇਣਾ, ਇਸ ਵਿੱਚ ਸਮਗ੍ਰੀ ਦੀ "ਬੰਦਿਸ਼" ਅਤੇ "ਘਟਾਉਣਾ" ਸ਼ਾਮਿਲ ਹੁੰਦਾ ਹੈ। ਜਾਣ-ਬੁੱਝਕੇ ਕੀਤੀ ਗਈ ਦੁਰਵਰਤੋਂ ਅਤੇ ਸਮਗ੍ਰੀ ਹਟਾਉਣ ਸਬੰਧੀ ਜਾਇਜ਼ਿਆਂ ਦੇ ਅਣਚਿਤਵੇ ਨਤੀਜਿਆਂ ਤੋਂ ਬਚਾਅ ਕਰਨ ਲਈ ਸਾਧਨ ਮੁਹੱਈਆ ਕਰਨੇ, ਇਸ ਵਿੱਚ ਅਪੀਲ ਕਰਨ ਅਤੇ ਉਪਾਅ ਕਰਨ ਸਬੰਧੀ ਤਰੀਕੇ ਸ਼ਾਮਿਲ ਹੁੰਦੇ ਹਨ।
- ਅਦਾਲਤਾਂ ਨੂੰ ਗ਼ੈਰਕਾਨੂੰਨੀ ਸਮਗ੍ਰੀ 'ਤੇ ਫ਼ੈਸਲਾ ਲੈਣ ਅਤੇ ਸਾਲਸੀਆਂ ਲਈ ਸਪਸ਼ਟ ਉਮੀਦਾਂ ਤੈਅ ਕਰਨ, ਪਾਲਣਾ ਕਰਨ ਵਿੱਚ ਸਹਾਇਤਾ ਕਰਨ 'ਤੇ ਨਿਗਰਾਨੀ 'ਤੇ ਧਿਆਨ ਦੇਣ ਅਤੇ ਸਰਬਾਂਗੀ ਨਾਕਾਮੀਆਂ ਦੀ ਪਛਾਣ ਕਰਨ ਦੀ ਲੋੜ ਹੈ।
- ਉਹਨਾਂ ਯੂਜ਼ਰਾਂ ਲਈ ਜ਼ੋਰਦਾਰ ਉਪਾਅ ਕਰਨ ਸਬੰਧੀ ਤਰੀਕਿਆਂ ਨੂੰ ਯਕੀਨੀ ਬਣਾਉਣਾ, ਜਿਹਨਾਂ ਦੀ ਸਮਗ੍ਰੀ 'ਤੇ ਸਵੈ-ਸੈਂਸਰਸ਼ਿਪ ਅਤੇ ਬਹੁਤ ਜ਼ਿਆਦਾ ਹਟਾਉਣ ਨੂੰ ਉਤਸਾਹ ਦੇਣ ਤੋਂ ਬਚਣ ਦੀ ਪਾਬੰਦੀ ਹੈ। ਮਿਆਦੀ ਜਾਇਜ਼ੇ ਕੀਤੇ ਜਾਣ ਜਾਂ ਕਾਨੂੰਨ ਵਿੱਚ ਮੁੜ-ਅਖ਼ਤਿਆਰ ਦੇਣਾ, ਇਹ ਯਕੀਨੀ ਬਣਾਉਣਾ ਕਿ ਇਹ ਬਣ ਰਹੇ ਮਾਪਦੰਡਾਂ ਅਤੇ ਤਕਨਾਲੌਜੀਆਂ ਨਾਲ ਸਬੰਧਿਤ ਅਤੇ ਲਗਾਤਾਰ ਬਣੇ ਰਹਿਣ।

## ਰਾਜ਼ਦਾਰੀ

- ਸਾਰਿਆਂ ਲਈ ਰਾਜ਼ਦਾਰੀ ਦੀ ਰਾਖੀ ਨੂੰ ਮਜ਼ਬੂਤ ਕਰਦਿਆਂ ਹੋਇਆਂ, ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਲਈ ਜਵਾਬਦੇਹੀ ਨੂੰ ਕਿਵੇਂ ਅਸਾਨ ਬਣਾਇਆ ਜਾਏ।
- ਇਸ ਗੱਲ ਨੂੰ ਪਛਾਣਨਾ ਕਿ ਗੁਮਨਾਮੀ ਅਤੇ ਝੂਠੀ ਗੁਮਨਾਮੀ ਕਮਜ਼ੋਰ ਯੂਜ਼ਰਾਂ ਨੂੰ ਆਪਣੇ ਆਪ ਨੂੰ ਤੰਗ-ਪਰੇਸ਼ਾਨ ਕੀਤੇ ਜਾਣ ਤੋਂ ਬਚਾਉਣ ਵਿੱਚ ਮਦਦ ਕਰ ਸਕਦੀ ਹੈ।
- ਯੂਜ਼ਰਾਂ ਦੀ ਰਾਖੀ ਕਰਨ ਵਿੱਚ ICT ਸੇਵਾਵਾਂ ਅਤੇ ICT ਵਾਤਾਵਰਣ ਵਿੱਚ ਮਜ਼ਬੂਤ ਇੰਕ੍ਰਿਪਸ਼ਨ ਨੂੰ ਪਛਾਣਨਾ।
- ਯੂਜ਼ਰ ਦੇ ਸੰਵੇਦਨਸ਼ੀਲ ਡਾਟਾ ਦੀ ਬੇਨਤੀ ਕਰਨ ਤੋਂ ਪਹਿਲਾਂ ਯਕੀਨੀ ਬਣਾਉਣਾ ਕਿ ਅਥਾੱਰਿਟੀਆਂ ਬਣਦੇ ਅਮਲ ਦੀਆਂ ਜ਼ਿੰਮੇਵਾਰੀਆਂ ਅਤੇ ਪ੍ਰਤੱਖ ਤੌਰ 'ਤੇ ਹੱਦਾਂ ਪੂਰੀਆਂ ਕਰਦੇ ਹਨ।